prhp

# ਵਿਚੋਲਗੀ
# ਲਈ ਸੇਧਾਂ

RR Donnelley
B52684 (Punjabi)

# ਤਤਕਰਾ

| | |
|---|---|
| ਪੁੱਲ ਬਣਾਉਣ ਵਿੱਚ ਵਿਚੋਲਗੀ ਦੀ ਸਹਾਇਤਾ ਲਉ | 2 |
| ਵਿਚੋਲਗੀ ਕਿਵੇਂ ਸਹਾਇਤਾ ਕਰ ਸਕਦੀ ਹੈ ? | 3 |
| ਕੀ ਵਿਚੋਲਗੀ ਮੇਰੀ ਸਮੱਸਿਆ ਹਲ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ ? | 4 |
| ਕੀ ਦੂਜਾ ਵਿਅਕਤੀ ਇਸ ਨਾਲ ਸਹਿਮਤ ਹੋਏਗਾ ? | 4 |
| ਕੀ ਹੁੰਦਾ ਹੈ ? | 5 |
| ਕੀ ਮੈਨੂੰ ਸਾਰੀ ਕਾਰਵਾਈ ਰਸਮੀ ਢੰਗ ਨਾਲ ਨਹੀਂ ਕਰਨੀ ਚਾਹੀਦੀ ? | 6 |
| ਕੀ ਵਿਚੋਲਗੀ ਹਮੇਸ਼ਾ ਸਫ਼ਲ ਹੁੰਦੀ ਹੈ ? | 7 |
| ਸਾਡੇ ਨਾਲ ਸੰਪਰਕ ਕਿਸ ਤਰ੍ਹਾਂ ਕਰੋ | 8 |

# ਕੀ ਤੁਹਾਨੂੰ ਆਪਣੀ ਕਿਰਾਏਦਾਰੀ ਦੀ ਸਾਂਭ–ਸੰਭਾਲ ਅਤੇ ਮੁਰੰਮਤਾਂ ਬਾਰੇ ਸਮੱਸਿਆਵਾਂ ਹਨ ?

## ਪੁੱਲ ਬਣਾਉਣ ਵਿੱਚ ਵਿਚੋਲਗੀ ਦੀ ਸਹਾਇਤਾ ਲਉ

ਸਕਾਟਲੈਂਡ ਵਿੱਚ ਹਰ ਸਾਲ ਮਾਲਕ ਮਕਾਨ ਅਤੇ ਕਿਰਾਏਦਾਰ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਜਲਦੀ ਅਤੇ ਇੱਕ ਦੋਸਤਾਨਾ ਢੰਗ ਨਾਲ ਹਲ ਕਰ ਲੈਂਦੇ ਹਨ। ਭਾਵੇਂ ਕਈ ਵਾਰ ਅਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ ਕਿ ਸਹਿਮਤੀ ਤੇ ਪੁਜਣਾ ਵੱਧ ਮੁਸ਼ਕਲ ਹੋ ਜਾਂਦਾ ਹੈ।
ਦੀ ਪ੍ਰਾਈਵੇਟ ਰੈਂਟਿਡ ਹਾਉਸਿੰਗ ਪੈਨਲ (Private Rented Housing Panel) ਇਸ ਬਾਰੇ ਫ਼ੈਸਲਾ ਕਰ ਸਕਦੀ ਹੈ ਕਿ ਕਿਸੇ ਮਾਲਕ ਮਕਾਨ ਨੇ ਆਪਣੀ ਜ਼ਿੰਮੇਵਾਰੀ ਦੀ ਪਾਲਣਾ ਨਹੀਂ ਕੀਤੀ, ਪਰ ਜੇ ਮਾਮਲੇ ਨੂੰ ਕਿਸੇ ਹੋਰ ਢੰਗ ਨਾਲ ਸੁਲਝਾਇਆ ਜਾ ਸਕੇ – ਇੱਕ ਅਜਿਹਾ ਢੰਗ ਜਿਸ ਬਾਰੇ ਸਭ ਸਹਿਮਤ ਹੋਣਗੇ ਤਾਂ ਇਹ ਅਕਸਰ ਵੱਧ ਆਸਾਨ ਅਤੇ ਵੱਧ ਤਸੱਲੀਬਖਸ਼ ਹੁੰਦਾ ਹੈ। ਇਸ ਅਮਲ ਨੂੰ ਵਿਚੋਲਗੀ ਕਿਹਾ ਜਾਂਦਾ ਹੈ ਅਤੇ ਇਹ ਅਮਲ ਤੇਜ਼, ਨਿਰਉਚੇਚ ਅਤੇ ਇਸਤੇਮਾਲ ਕਰਨਾ ਆਸਾਨ ਹੁੰਦਾ ਹੈ।

## ਵਿਚੋਲਗੀ ਕਿਵੇਂ ਸਹਾਇਤਾ ਕਰ ਸਕਦੀ ਹੈ ?

ਝਗੜਿਆਂ ਨੂੰ ਬਿਨਾਂ ਕਿਸੇ ਖਰਚ, ਸਮੇਂ ਅਤੇ ਦੁਸ਼ਮਣੀ ਦੀ ਭਾਵਨਾ, ਜੋ ਕਿ ਰਸਮੀ ਕਾਰਵਾਈ ਦੇ ਇਸਤੇਮਾਲ ਵਿੱਚ ਅਕਸਰ ਸ਼ਾਮਲ ਹੁੰਦੀ ਹੈ, ਪੈਦਾ ਕੀਤੇ ਬਿਨਾ ਨਬੇੜਨ ਦਾ ਢੰਗ ਵਿਚੋਲਗੀ ਜਾਂ ਸਾਲਸੀ ਹੈ।

ਵਿਚੋਲਗੀ, ਵਿਹਾਰਕ, ਗੁਪਤ, ਤੇਜ਼ ਅਤੇ ਮੁਫ਼ਤ ਹੈ।

ਵਿਚੋਲਗੀ, ਲੋਕਾਂ ਵਿੱਚਕਾਰ, ਛੋਟੇ ਮਾਮੂਲੀ ਮਤਭੇਦਾਂ ਤੋਂ ਲੈਕੇ ਬਹੁਤ ਗੰਭੀਰ ਅਤੇ ਲੰਮੇ ਸਮੇਂ ਤੋਂ ਚਲਦੇ ਆ ਰਹੇ ਝਗੜਿਆਂ ਤਕ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਨੂੰ ਹਲ ਕਰਨ ਵਿੱਚ ਬਾਕਾਇਦਾ ਸਹਾਇਤਾ ਕਰਦੀ ਹੈ।

ਵਿਚੋਲਗੀ ਕਰਨ ਵਾਲੇ ਸਾਲਸਕਾਰ ਸਿੱਖਲਾਈ ਪ੍ਰਾਪਤ ਨਿਰਪੱਖ ਲੋਕ ਹੁੰਦੇ ਹਨ, ਜੋ ਸਭ ਤੋਂ ਵੱਧ ਗੁੰਝਲਦਾਰ ਸਥਿਤੀਆਂ ਵਿੱਚ ਵੀ ਇੱਕ ਆਮ ਸਹਿਮਤੀ ਪੈਦਾ ਕਰਨ ਵਿੱਚ ਸਹਾਇਤਾ ਕਰਨ ਲਈ ਕੁਸ਼ਲ ਹੁੰਦੇ ਹਨ।

## ਕੀ ਵਿਚੋਲਗੀ ਮੇਰੀ ਸਮੱਸਿਆ ਹਲ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ ?

ਸੰਭਾਵਨਾ ਹੈ ਕਿ ਕਰ ਸਕਦੀ ਹੈ। ਵਿਚੋਲੇ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਦਰਮਿਆਨ ਪੈਦਾ ਹੋਏ ਬਹੁਤ ਸਾਰੇ ਮੁੱਦਿਆਂ ਬਾਰੇ ਵਿਚਾਰ ਵਟਾਂਦਰਾ ਕਰਨ ਵਿੱਚ ਖ਼ੁਸ਼ੀ ਹਾਸਲ ਕਰਦੇ ਹਨ। ਤੁਹਾਨੂੰ ਆਪਣਾ ਨਜ਼ਰੀਆ ਪੂਰੀ ਤਰ੍ਹਾਂ ਦੱਸਣ ਅਤੇ ਨਾਲ ਹੀ ਦੂਜੇ ਵਿਅਕਤੀ ਦੀ ਗੱਲ ਪੂਰੀ ਤਰ੍ਹਾਂ ਸੁਣਨ ਦਾ ਮੌਕਾ ਦਿੱਤਾ ਜਾਏਗਾ। ਵਿਚੋਲਗੀ ਦਾ ਉਦੇਸ਼ ਉਸ ਹਲ ਨੂੰ ਲੱਭਣਾ ਹੁੰਦਾ ਹੈ, ਜਿਸ ਨਾਲ ਸਭ ਸਹਿਮਤ ਹੋ ਸਕਣ।

## ਕੀ ਦੂਜਾ ਵਿਅਕਤੀ ਇਸ ਨਾਲ ਸਹਿਮਤ ਹੋਏਗਾ ?

*ਜੇ ਤੁਸੀਂ ਕਿਰਾਏਦਾਰ ਹੋ* ਤਾਂ ਤੁਹਾਨੂੰ ਸਿਰਫ਼ Private Rented Housing Panel ਨੂੰ ਆਪਣੀ ਅਰਜ਼ੀ ਵਿੱਚ "ਵਿਚੋਲਗੀ" ਵਾਲੇ ਖਾਨੇ ਤੇ ਸਹੀ ਦਾ ਨਿਸ਼ਾਨ ਲਾਣ ਦੀ ਜ਼ਰੂਰਤ ਹੈ। ਤੁਹਾਡੇ ਮਾਲਕ ਮਕਾਨ ਨੂੰ ਫਿਰ ਸੂਚਨਾ ਦਿੱਤੀ ਜਾਏਗੀ ਕਿ ਤੁਸੀਂ ਵਿਚੋਲਗੀ ਰਾਹੀਂ ਮਾਮਲਾ ਨਿਪਟਾਉਣਾ ਚਾਹੁੰਦੇ ਹੋ ਅਤੇ ਉਨ੍ਹਾਂ ਤੋਂ ਪੁੱਛਿਆ ਜਾਏਗਾ ਕਿ ਕੀ ਉਹ ਇਸ ਗੱਲ ਤੇ ਸਹਿਮਤ ਹਨ। ਅਕਸਰ ਬਹੁਤ ਵਾਰੀ, ਦੋਵੇਂ ਧਿਰਾਂ, ਰਸਮੀ ਸੁਣਵਾਈ ਦੇ ਅਮਲ ਵਿੱਚ ਪੈਣ ਨਾਲੋਂ ਵਿਚੋਲਗੀ ਦਾ ਇਸਤੇਮਾਲ ਖ਼ੁਸ਼ੀ ਨਾਲ ਕਰਦੀਆਂ ਹਨ। ਕਿਉਂਕਿ ਵਿਚੋਲਗੀ ਮੁੱਦਿਆਂ ਦੇ ਅਜਿਹੇ ਚੰਗੇ ਹਲ ਲਭ ਸਕਦੀ ਹੈ, ਜਿਸ ਨਾਲ ਸਾਰੇ ਹੀ ਸਹਿਮਤ ਹੁੰਦੇ ਹਨ।

*ਜੇ ਤੁਸੀਂ ਮਾਲਕ ਮਕਾਨ ਹੋ* ਅਤੇ ਜੇ ਕਿਰਾਏਦਾਰ ਨੇ ਪਹਿਲਾਂ ਹੀ ਵਿਚੋਲਗੀ ਲਈ ਸਹਿਮਤੀ ਦੇ ਦਿੱਤੀ ਹੋਈ ਹੈ ਤਾਂ ਤੁਹਾਨੂੰ ਵਿਚੋਲਗੀ ਬਾਰੇ ਸੋਚਣ ਲਈ ਕਿਹਾ ਜਾਏਗਾ। ਕਿਉਂਕਿ ਕਿਰਾਏਦਾਰ ਨੇ ਹੀ ਪਹਿਲਾਂ ਆਪਣੀ ਅਰਜ਼ੀ ਦਿੱਤੀ ਹੈ ਅਤੇ ਵਿਚੋਲਗੀ ਵਿੱਚ ਦੋਹਾਂ ਧਿਰਾਂ ਦੇ ਹਿੱਸਾ ਲੈਣ ਦੀ ਜ਼ਰੂਰਤ ਹੁੰਦੀ ਹੈ।

## ਕੀ ਹੁੰਦਾ ਹੈ ?

ਜੇ ਤੁਸੀਂ ਦੋਵੇਂ ਮੰਨ ਜਾਂਦੇ ਹੋ, ਅਤੇ ਇੰਜ ਜਾਪਦਾ ਹੈ ਕਿ ਵਿਚੋਲਗੀ ਇੱਕ ਸੰਭਾਵੀ ਹਲ ਹੈ ਤਾਂ ਮੀਟਿੰਗ ਲਈ ਇੱਕ ਸਥਾਨ ਅਤੇ ਤਾਰੀਖ਼ ਨਿਸਚਿਤ ਕੀਤੀ ਜਾਏਗੀ।

ਸਭ ਤੋਂ ਪਹਿਲਾਂ ਵਿਚੋਲੇ ਜਾਂ ਸਾਲਸਕਾਰ ਹਾਲਾਤ ਬਾਰੇ ਗੱਲਬਾਤ ਕਰਨ ਲਈ ਦੋਹਾਂ ਧਿਰਾਂ ਨੂੰ ਵੱਖ ਵੱਖ ਮਿਲਣਗੇ। ਵਿਚੋਲੇ ਅੱਗੇ ਵਧਣ ਲਈ ਸੰਭਾਵੀ ਰਾਹ ਲਭਣ ਵਿੱਚ ਸਹਾਇਤਾ ਕਰਨ ਲਈ ਦਿਲਚਸਪੀ ਦੇ ਸਾਂਝੇ ਖੇਤਰ ਸਥਾਪਿਤ ਕਰਨ ਵਿੱਚ ਕੁਸ਼ਲ ਹੁੰਦੇ ਹਨ।

ਜੇ ਦੋਵੇ ਧਿਰਾਂ ਸਹਿਮਤ ਹੋਣ ਤਾਂ ਸਭਨਾਂ ਦੀ ਮੀਟਿੰਗ ਕੀਤੀ ਜਾਏਗੀ। ਵਿਚੋਲਗੀ ਬਾਰੇ ਮੀਟਿੰਗਾਂ ਦਾ ਇਸ ਢੰਗ ਨਾਲ ਪ੍ਰਬੰਧ ਕੀਤਾ ਜਾਂਦਾ ਹੈ ਕਿ ਹਰ ਇੱਕ ਨੂੰ ਆਪਣੀ ਰਾਇ ਪੇਸ਼ ਕਰਨ ਦਾ ਮੌਕਾ ਮਿਲਦਾ ਹੈ ਅਤੇ ਇਹ ਯਕੀਨੀ ਬਣਾਉਣਾ ਕਿ ਸਾਰੀ ਕਾਰਵਾਈ ਨਿਰਵਿਘਨ ਚਲੇ, ਵਿਚੋਲੇ ਦੀ ਜ਼ਿੰਮੇਵਾਰੀ ਹੈ। ਦਸ ਵਿੱਚੋਂ ਨੌ ਵਿਚੋਲਗੀ ਮੀਟਿੰਗਾਂ ਦਾ ਅੰਤ ਸਮਝੌਤੇ ਵਿੱਚ ਹੁੰਦਾ ਹੈ।

ਜੇ ਕੋਈ ਅਜਿਹੇ ਵਿਸ਼ੇਸ਼ ਕਾਰਣ ਹੋਣ ਕਿ ਲੋਕ ਆਪ ਆਕੇ ਨਾ ਮਿਲ ਸਕਣ ਤਾਂ, ਕਈ ਵਾਰ ਵਿਚੋਲੇ ਉਨ੍ਹਾਂ ਲੋਕਾਂ ਨੂੰ ਆਪ ਮਿਲ ਕੇ ਮੀਟਿੰਗ ਕੀਤੇ ਬਿਨਾਂ ਉਨ੍ਹਾਂ ਵਿੱਚਕਾਰ ਮਤਭੇਦਾਂ ਨੂੰ ਸੁਲਝਾ ਲੈਂਦੇ ਹਨ।

## ਕੀ ਮੈਨੂੰ ਸਾਰੀ ਕਾਰਵਾਈ ਰਸਮੀ ਢੰਗ ਨਾਲ ਨਹੀਂ ਕਰਨੀ ਚਾਹੀਦੀ ?

ਬਹੁਤੇ ਝਗੜਿਆਂ ਲਈ ਰਸਮੀ ਹਲ ਹਮੇਸ਼ਾ ਸਹੀ ਨਹੀਂ ਹੁੰਦੇ ਜਾਂ ਸਭ ਤੋਂ ਵਧੀਆ ਵਿਕਲਪ ਨਹੀਂ ਹੁੰਦੇ। ਇਹ ਇਸ ਕਾਰਣ ਵੀ ਹੋ ਸਕਦਾ ਹੈ ਕਿ ਇਸ ਬਾਰੇ ਕਾਨੂੰਨ ਅਤੇ ਨੇਮ ਸਪਸ਼ਟ ਨਹੀਂ ਜਾਂ ਤੁਹਾਡੀ ਸਥਿਤੀ ਤੇ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੇ, ਕਿਉਂਕਿ ਦੋਹਾਂ ਪਾਸੇ ਸਬੂਤ ਮੁਹੱਈਆ ਕਰਨੇ ਮੁਸ਼ਕਲ ਹੁੰਦੇ ਹਨ ਜਾਂ ਸਿਰਫ਼ ਇਸ ਲਈ, ਇੱਕ “ਜੇਤੂ” ਅਤੇ ਇੱਕ “ਹਾਰਣ ਵਾਲਾ” ਹੋਣ ਨਾਲ ਤੁਹਾਡੇ ਦੋਹਾਂ ਵਿੱਚਕਾਰ ਸਥਿਤੀ ਹੋਰ ਵੀ ਖ਼ਰਾਬ ਹੋ ਸਕਦੀ ਹੈ। ਇਸ ਕਾਰਣ ਹੀ
ਵਿਚੋਲਗੀ ਬਹੁਤ ਚੰਗੀ ਤਰ੍ਹਾਂ ਕਾਰਸਾਜ਼ ਹੁੰਦੀ ਹੈ – ਇਹ ਭਵਿੱਖ ਲਈ ਅਜਿਹੇ ਹਲ ਪੇਸ਼ ਕਰਦੀ ਹੈ, ਜੋ ਮਾਮਲੇ ਵਿੱਚ ਸ਼ਾਮਲ ਹਰ ਇੱਕ ਨੂੰ ਮੰਜ਼ੂਰ ਹੋਣ ਅਤੇ ਜਿੱਥੇ ਹੋਰ ਸਭ ਤਰ੍ਹਾਂ ਦੀ ਪਹੁੰਚ ਨਾਕਾਮ ਹੋ ਚੁਕੀ ਹੋਵੇ, ਇਹ ਅਕਸਰ ਉੱਥੇ ਵੀ ਆਪਣਾ ਅਸਰ ਵਿਖਾਏਗੀ। ਇਸੇ ਕਾਰਣ ਵਿਆਪਿਕ ਤੌਰ ਤੇ ਜਨਤਕ ਜੱਥੇਬੰਦੀਆਂ ਇਹ ਸਿਫ਼ਾਰਸ਼ ਕਰਦੀਆਂ ਹਨ ਕਿ ਲੋਕ ਵਿਚੋਲਗੀ ਦਾ ਇਸਤੇਮਾਲ ਕਰਨ।

## ਕੀ ਵਿਚੋਲਗੀ ਹਮੇਸ਼ਾ ਸਫ਼ਲ ਹੁੰਦੀ ਹੈ ?

ਝਗੜੇ ਨਿਪਟਾਉਣ ਦੇ ਹੋਰ ਹਰ ਤਰੀਕੇ ਵਾਂਗ, ਵਿਚੋਲਗੀ ਦੀ ਵੀ ਸਫ਼ਲ ਹੋਣ ਦੀ ਕੋਈ ਗਾਰੰਟੀ ਨਹੀਂ। ਭਾਵੇਂ ਵਿਚੋਲਗੀ ਕਾਰਗਰ ਨਾ ਵੀ ਹੋਏ, ਤਾਂ ਵੀ ਤੁਸੀਂ ਕੋਈ ਹੋਰ ਪਹੁੰਚ ਅਪਣਾ ਸਕਦੇ ਹੋ ਅਤੇ ਤੁਸੀਂ ਆਪਣੀ ਅਰਜ਼ੀ ਤੇ ਪ੍ਰਾਈਵੇਟ ਰੈਂਟਿਡ ਹਾਉਸਿੰਗ ਪੈਨਲ ਕਮੇਟੀ ਸਾਮ੍ਹਣੇ ਵਿਚਾਰ ਲਈ ਇਸ ਤਰ੍ਹਾਂ ਪੇਸ਼ ਕਰ ਸਕਦੇ ਹੋ ਜਿਵੇਂ ਤੁਸੀਂ ਵਿਚੋਲਗੀ ਲਈ ਕਦੀ ਕੋਸ਼ਿਸ਼ ਹੀ ਨਹੀਂ ਕੀਤੀ ਸੀ।

# ਸਾਡੇ ਨਾਲ ਸੰਪਰਕ ਕਿਸ ਤਰ੍ਹਾਂ ਕਰੋ

ਜੇ ਤੁਸੀਂ ਸਾਡੀ ਮੇਡੀਏਸ਼ਨ ਸਰਵਿਸ (ਵਿਚੋਲਗੀ ਸੇਵਾ) ਬਾਰੇ ਹੋਰ ਵੱਧ ਜਾਣਕਾਰੀ ਲੈਣਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਸਾਡੇ ਨਾਲ ਹੇਠ ਲਿਖੇ ਪਤੇ ਤੇ ਸੰਪਰਕ ਕਰੋ :

Private Rented Housing Panel
3rd Floor
140 West Campbell Street
Glasgow G2 4TZ

ਫ਼ੋਨ : 0141 572 1170
ਫ਼ੈਕਸ : 0141 572 1171

www.prhpscotland.gov.uk